# ਬਜਟ 2022

# ਇਕੱਠੇ ਹੋ ਕੇ ਵੱਧ ਮਜ਼ਬੂਤ

**WWW.BCBUDGET.CA**

BRITISH COLUMBIA





ਪਿਛਲੇ ਕੁਝ ਸਾਲਾਂ ਦੌਰਾਨ, ਬ੍ਰਿਟਿਸ਼ ਕੋਲੰਬੀਆ ਨੇ ਕਈ ਢੰਗਾਂ ਨਾਲ ਅਜਿਹੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ ਹੈ ਜਿਨ੍ਹਾਂ ਬਾਰੇ ਅਸੀਂ ਕਦੇ ਸੋਚਿਆ ਵੀ ਨਹੀਂ ਸੀ।ਅਸੀਂ ਦੋ ਚੱਲ ਰਹੇ ਸਿਹਤ ਸੰਕਟਾਂ ਦਾ ਬੋਝ ਮਹਿਸੂਸ ਕੀਤਾ ਹੈ: ਜ਼ਹਿਰੀਲੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਅਤੇ ਕੋਵਿਡ-19 ਮਹਾਮਾਰੀ। ਅਸੀਂ ਜਲਵਾਯੂ ਪਰਿਵਰਤਨ ਦੇ ਵਿਨਾਸ਼ਕਾਰੀ ਨਤੀਜੇ ਵੀ ਵੇਖੇ ਹਨ ਜਦ ਕਿ ਗਰਮੀਆਂ ਵਿੱਚ ਭਾਈਚਾਰਿਆਂ ਨੇ ਜੰਗਲੀ ਅੱਗਾਂ ਅਤੇ ਬੇਹੱਦ ਗਰਮੀ ਬਰਦਾਸ਼ਤ ਕੀਤੀ ਅਤੇ ਕੁਝ ਹੀ ਮਹੀਨਿਆਂ ਬਾਦ ਹੜ੍ਹਮਾਰੀ ਅਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਦਾ ਸਾਹਮਣਾ ਕੀਤਾ।

ਸਾਡੀ ਸਰਕਾਰ ਨੇ ਪਹਿਲਾਂ ਹੀ ਜੋ ਨਿਵੇਸ਼ ਲੋਕਾਂ ਲਈ ਕੀਤੇ ਹਨ – ਜਿਵੇਂ ਕਿ ਸਿਹਤ ਸੰਭਾਲ, ਬਾਲ ਸੰਭਾਲ, ਸੰਪਰਕ ਅਤੇ ਰਿਹਾਇਸ਼ਾਂ- ਉਹ ਨਿਰਮਾਣ ਦੇ ਅਜਿਹੇ ਆਧਾਰ ਹਨ ਜੋ ਲਗਾਤਾਰ ਇਹਨਾਂ ਚੁਣੌਤੀਆਂ ਦੌਰਾਨ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਦੀ ਸਹਾਇਤਾ ਕਰ ਰਹੇ ਹਨ।

ਇਹਨਾਂ ਨਿਵੇਸ਼ਾਂ ਨਾਲ ਅਸੀਂ ਵਧੇਰੇ ਮਜ਼ਬੂਤ ਅਤੇ ਸਥਿਤੀ ਅਨੁਸਾਰ ਢਲ ਸਕਣ ਦੇ ਸਮਰੱਥ ਹੋਏ ਹਾਂ। ਤਾਕਤ ਆਪਣੇ ਆਪ ਹੀ ਨਹੀਂ ਆ ਜਾਂਦੀ-ਤਾਕਤ ਦਾ ਨਿਰਮਾਣ ਕਰਨਾ ਪੈਂਦਾ ਹੈ। *ਬਜਟ 2022* ਹਰ ਇੱਕ ਲਈ ਇਕ ਵਧੇਰੇ ਮਜ਼ਬੂਤ ਬੀ ਸੀ ਵਿੱਚ ਨਿਵੇਸ਼ ਕਰਕੇ ਇਹਨਾਂ ਤਾਕਤਾਂ ਨੂੰ ਹੋਰ ਮਜ਼ਬੂਤ ਕਰਦਾ ਹੈ–ਸਮਾਜਕ ਵਾਤਾਵਰਣ ਅਤੇ ਆਰਥਕਤਾ ਦੇ ਲਿਹਾਜ਼ ਨਾਲ ਵਿਸ਼ਵ-ਪੱਧਰੀ ਮਹਾਮਾਰੀ ਤੋਂ ਲੈ ਕੇ ਜਲਵਾਯੂ ਪਰਿਵਰਤਨ ਦਾ ਸਾਹਮਣਾ ਕਰਨ ਤੱਕ, ਜਿਸ ਪੱਧਰ ਦੀਆਂ ਚੁਣੌਤੀਆਂ ਦਾ ਸਾਨੂੰ ਸਾਹਮਣਾ ਕਰਨਾ ਪੈ ਰਿਹਾ ਹੈ ਉਸ ਲਈ ਸਰਕਾਰ ਦੀ ਅਗਵਾਈ ਅਤੇ ਰਲ ਕੇ ਹੰਭਲਾ ਮਾਰਨ ਦੀ ਲੋੜ ਹੁੰਦੀ ਹੈ–ਜਦੋਂ ਅਸੀਂ ਰਲ ਕੇ ਕੰਮ ਕਰਦੇ ਹਾਂ ਅਤੇ ਇੱਕ ਦੂਸਰੇ ਦਾ ਖਿਆਲ ਰੱਖਦੇ ਹਾਂ ਤਾਂ ਅਸੀਂ ਬਿਹਤਰੀਨ ਕਾਰਜ ਕਰ ਸਕਦੇ ਹਾਂ।

ਇੱਕ ਮਜ਼ਬੂਤ ਸੂਬੇ ਦੇ ਨਿਰਮਾਣ ਦਾ ਅਰਥ ਹੈ ਮੌਜੂਦਾ ਸਮੇਂ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣਾ ਅਤੇ ਭਵਿੱਖ ਲਈ ਤਿਆਰੀ ਕਰਨਾ। ਇਸ ਵੇਲੇ ਜਲਵਾਯੂ ਪਰਿਵਰਤਨ, ਆਰਥਕ ਤਬਦੀਲੀਆਂ ਅਤੇ ਉਹ ਜਨਤਕ ਸੇਵਾਵਾਂ ਜਿਨ੍ਹਾਂ ਉੱਤੇ ਲੋਕ ਨਿਰਭਰ ਕਰਦੇ ਹਨ, ਇੱਕ ਦੂਸਰੇ ਨਾਲ ਇੱਕ–ਮਿੱਕ ਹੋ ਗਈਆਂ ਹਨ। ਜਲਵਾਯੂ ਪ੍ਰਤੀ ਕਾਰਵਾਈ ਕਰਨ ਲਈ ਵਿਸ਼ਵ-ਪੱਧਰੀ ਤਬਦੀਲੀਆਂ ਨਾਲ ਅਤੇ ਭਵਿੱਖ ਵਿੱਚ ਕਾਰਬਨ ਵਿੱਚ ਕਮੀ ਕਰਨ ਨਾਲ ਨਵੇਂ ਅਵਸਰ ਪੈਦਾ ਹੋਣਗੇ, ਅਤੇ ਹੁਣ ਨਿਵੇਸ਼ ਕਰਨ ਨਾਲ ਅਸੀਂ ਇਹ ਨਿਸ਼ਚਿਤ ਕਰ ਸਕਦੇ ਹਾਂ ਕਿ ਪੂਰੇ ਬੀ ਸੀ ਵਿੱਚ ਲੋਕ, ਕਾਰੋਬਾਰ ਅਤੇ ਭਾਈਚਾਰੇ ਲਾਭ ਉਠਾ ਸਕਣ।

ਪਿਛਲੇ ਸਾਲ ਦੌਰਾਨ ਅਸੀਂ ਅਣਕਿਆਸੇ ਹਾਲਾਤ ਲਈ ਤਿਆਰ ਰਹਿਣ ਦੀ ਮਹੱਤਤਾ ਨੂੰ ਪਛਾਣਿਆ ਹੈ, ਅਤੇ ਇਸ ਲਈ *ਬਜਟ 2022* ਸਾਡੀ ਜ਼ਿੰਮੇਵਾਰ ਆਰਥਕ ਪ੍ਰਬੰਧਨ ਦੀ ਪ੍ਰੰਪਰਾ ਨੂੰ ਜਾਰੀ ਰੱਖੇਗਾ। ਹਾਲੇ ਅੱਗੇ ਬਹੁਤ ਲੰਬਾ ਰਸਤਾ ਤੈਅ ਕਰਨ ਵਾਲਾ ਹੈ, ਜਦ ਕਿ ਅਸੀਂ ਇੱਕ ਮੁਸ਼ਕਲ ਵਰ੍ਹੇ ਦੌਰਾਨ ਹੋ ਚੁੱਕੇ ਨੁਕਸਾਨ ਦੀ ਪੁਨਰ-ਉਸਾਰੀ ਅਤੇ ਮੁਰੰਮਤ ਦਾ ਕੰਮ ਰਲ ਮਿਲ ਕੇ ਕਰ ਰਹੇ ਹਾਂ।

ਅਸੀਂ ਬੀ ਸੀ ਦੇ ਵਾਤਾਵਰਣ, ਸਮਾਜਕ ਅਤੇ ਆਰਥਕ ਸ਼ਕਤੀਆਂ ਨੂੰ ਮਜ਼ਬੂਤ ਕਰਨਾ ਜਾਰੀ ਰੱਖਦਿਆਂ ਚੰਗੇ ਦਿਨਾਂ ਤੱਕ ਪਹੁੰਚਾਂਗੇ ਅਤੇ ਆਪਸੀ ਸਹਿਯੋਗ ਨਾਲ ਅਸੀਂ ਅਜਿਹੇ ਅਵਸਰਾਂ ਦੀ ਤਲਾਸ਼ ਕਰਾਂਗੇ ਜਿਹੜੇ ਭਵਿੱਖ ਦੀ ਕੁੱਖ ਵਿੱਚ ਹਨ।

ਮਾਣਯੋਗ ਸੈਲੀਨਾ ਰੌਬਿਨਸਨ
ਵਿੱਤ ਮੰਤਰੀ

# ਅਰਥ ਪੂਰਣ ਮੇਲ-ਮਿਲਾਪ

ਸੂਬਾ ਸਰਕਾਰ ਆਪਣੇ ਕਾਨੂੰਨਾਂ ਦਾ ਮੂਲਵਾਸੀ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਨਾਲ ਤਾਲਮੇਲ ਬਿਠਾਉਣ ਲਈ ਕੰਮ ਕਰ ਰਹੀ ਹੈ। ਇਸ ਨਵੇਂ ਬਜਟ ਰਾਹੀਂ ਇੱਕ ਨਵਾਂ ਡੈਕਲੇਰੇਸ਼ਨ ਐਕਟ ਸੈਕਰੇਟ੍ਰੀਏਟ ਬਣਾਉਣ ਲਈ ਦਿੱਤੀ ਮਾਲੀ ਮਦਦ ਨਾਲ ਇਸ ਕੰਮ ਵਿੱਚ ਮਦਦ ਮਿਲੇਗੀ।

**ਇਸ ਡੈਕਲੇਰੇਸ਼ਨ ਐਕਟ ਸੈਕਰੇਟ੍ਰੀਏਟ ਦੁਆਰਾ ਸਰਕਾਰ ਨੂੰ ਇਹ ਨਿਸ਼ਚਿਤ ਕਰਨ ਲਈ ਕਿ ਇਹ ਕਾਨੂੰਨ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਦੇ ਅਨੁਸਾਰ ਹੋਵੇ, ਪ੍ਰਤੀ ਆਪਣੀ ਪ੍ਰਤੀਬੱਧਤਾ ਨੂੰ ਨਿਭਾਉਣ ਲਈ ਦਿਸ਼ਾਨਿਰਦੇਸ਼ ਅਤੇ ਸਹਾਇਤਾ ਮਿਲੇਗੀ ਅਤੇ ਇਸ ਨੂੰ ਮੂਲਵਾਸੀ ਲੋਕਾਂ ਦੀ ਸਲਾਹ ਅਤੇ ਸਹਿਯੋਗ ਨਾਲ ਵਿਕਸਤ ਕੀਤਾ ਗਿਆ ਹੈ।**

ਜਦ ਕਿ ਬਹੁਤ ਸਾਰੇ ਨਿਵੇਸ਼ ਜਿਹੜੇ ਅਸੀਂ ਕਰ ਰਹੇ ਹਾਂ ਨਾਲ ਸੂਬੇ ਦੇ ਸਾਰੇ ਲੋਕਾਂ ਨੂੰ ਲਾਭ ਹੋਵੇਗਾ, ਜਿਸ ਵਿੱਚ ਮੂਲਵਾਸੀ ਲੋਕ ਸ਼ਾਮਲ ਹਨ, *ਬਜਟ 2022* ਵਿੱਚ ਮੂਲਵਾਸੀ ਲੋਕਾਂ ਅਤੇ ਭਾਈਚਾਰਿਆਂ ਦੀ ਸਹਾਇਤਾ ਲਈ ਵੱਖ ਨਿਵੇਸ਼ ਸ਼ਾਮਲ ਹਨ:

- ਫਸਟ ਨੇਸ਼ਨਸਜ ਹੈੱਲਥ ਅਥਾਰਿਟੀ ਨਾਲ ਭਾਈਵਾਲੀ ਅਧੀਨ ਕੰਮ ਕਰਦਿਆਂ ਪੂਰੇ ਸੂਬੇ ਵਿੱਚ 15 ਫਸਟ ਨੇਸ਼ਨਜ ਪ੍ਰਾਇਮਰੀ ਕੇਅਰ ਸੈਂਟਰ ਬਣਾਉਣ ਲਈ ਲਗਾਤਾਰ ਕੰਮ ਕਰਨਾ।
- ਐਬੋਰਿਜਨਲ ਹੈੱਡ ਸਟਾਰਟ ਨੂੰ ਮਜ਼ਬੂਤ ਕਰਨਾ ਜਿਸ ਰਾਹੀਂ ਮੂਲਵਾਸੀ ਬੱਚਿਆਂ ਲਈ ਸੱਭਿਆਚਾਰ-ਅਧਾਰਤ ਸਮਾਵੇਸ਼ੀ ਬਾਲ ਸੰਭਾਲ, ਮੁਢਲੀ ਸਿੱਖਿਆ ਅਤੇ ਪਰਿਵਾਰਕ ਮੇਲ ਮਿਲਾਪ ਦੇ ਅਵਸਰ ਪ੍ਰਦਾਨ ਕਰਨਾ।
- ਫਸਟ ਨੇਸ਼ਨ ਭਾਈਚਾਰਿਆਂ ਵਿੱਚ ਮੂਲਵਾਸੀ ਅਗਵਾਈ ਅਧੀਨ ਐਮਰਜੈਂਸੀ ਪ੍ਰਬੰਧਨ ਲਈ ਮਾਲੀ ਮਦਦ।
- ਇੱਕ ਵਰਚੂਅਲ ਮੂਲਵਾਸੀ ਜਸਟਿਸ ਸੈਂਟਰ ਰਾਹੀਂ ਮੂਲਵਾਸੀ ਲੋਕਾਂ ਦੀ ਇਨਸਾਫ਼ ਪ੍ਰਤੀ ਪਹੁੰਚ ਵਿੱਚ ਵਾਧਾ ਕਰਨਾ।
- ਫਸਟ ਨੇਸ਼ਨਜ ਭਾਈਚਾਰਿਆਂ ਨੂੰ ਹਾਈ ਸਪੀਡ ਇੰਟਰਨੈੱਟ ਅਤੇ ਸੈੱਲ ਸਰਵਿਸ ਨਾਲ ਜੋੜਨਾ।
- ਇਨਡਿਜਿਨਸ ਫੌਰੈਸਟ ਬਾਇਓ ਇਕੌਨੋਮੀ ਪ੍ਰੋਗਰਾਮ ਦਾ ਦਾਇਰਾ ਵਧਾਉਣਾ ਤਾਂ ਕਿ ਉਸ ਵਿੱਚ ਇੱਕ ਨਵਾਂ ਐਕਸੈਲਰੇਟਰ ਪ੍ਰੋਗਰਾਮ ਸ਼ਾਮਲ ਕੀਤਾ ਜਾ ਸਕੇ ਜਿਸ ਰਾਹੀ ਮੂਲਵਾਸੀ ਭਾਈਵਾਲਾਂ ਨੂੰ ਨਵੇਂ ਜੰਗਲ ਅਧਾਰਤ ਉਤਪਾਦਾਂ ਦਾ ਪੱਧਰ ਵਧਾਉਣ ਅਤੇ ਉਹਨਾਂ ਦਾ ਬਾਜ਼ਾਰੀਕਰਣ ਕਰਨ ਵਿੱਚ ਮਦਦ ਮਿਲੇਗੀ।

# ਲੋਕਾਂ ਨੂੰ ਪਹਿਲ ਦੇਣ ਨਾਲ ਇੱਕ ਵਧੇਰੇ ਮਜ਼ਬੂਤ ਸਮਾਜ ਦਾ ਨਿਰਮਾਣ

ਸਿਹਤ ਸੰਭਾਲ, ਬਾਲ ਸੰਭਾਲ ਅਤੇ ਰਿਹਾਇਸ਼ ਵਰਗੀਆਂ ਸੇਵਾਵਾਂ ਜਿਨ੍ਹਾਂ 'ਤੇ ਲੋਕ ਨਿਰਭਰ ਕਰਦੇ ਹਨ ਰਾਹੀਂ ਇਸ ਮਹਾਮਾਰੀ ਅਤੇ ਹਾਲੀਆ ਜਲਵਾਯੂ ਸਬੰਧਤ ਆਫ਼ਤਾਂ ਦੌਰਾਨ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਦੀ ਮਦਦ ਕੀਤੀ ਗਈ ਹੈ। *ਬਜਟ 2022* ਇਨ੍ਹਾਂ ਸ਼ਕਤੀਆਂ ਨੂੰ ਮਜ਼ਬੂਤ ਕਰਦਾ ਹੈ ਅਤੇ ਉਹ ਸਭ ਕੁਝ ਬਰਕਰਾਰ ਰੱਖਦਾ ਹੈ ਜੋ ਸਹੀ ਹੈ: ਲੋਕਾਂ ਨੂੰ ਪਹਿਲ ਦੇਣਾ।

## ਕਿਫ਼ਾਇਤੀ ਪਹੁੰਚਯੋਗ ਗੁਣਵੱਤਾ ਪੂਰਣ ਬਾਲ ਸੰਭਾਲ

*ਬਜਟ 2018* ਵਿੱਚ ਸ਼ੁਰੂ ਕੀਤੀ ਗਈ ਚਾਈਲਡ ਕੇਅਰ ਬੀ ਸੀ ਯੋਜਨਾ ਤੋਂ ਲੈ ਕੇ ਅਸੀਂ ਬਾਲ ਸੰਭਾਲ ਨੂੰ ਇੱਕ ਕੇਂਦਰੀ ਸੇਵਾ ਦੇ ਤੌਰ 'ਤੇ ਸਥਾਪਤ ਕਰਨ ਲਈ ਕੰਮ ਕਰਦੇ ਆ ਰਹੇ ਹਾਂ ਤਾਂ ਕਿ ਇਹ ਸੇਵਾ ਕਿਸੇ ਵੀ ਪਰਿਵਾਰ ਨੂੰ ਜਦੋਂ ਉਹ ਚਾਹੁਣ ਜਾਂ ਜਦੋਂ ਉਨ੍ਹਾਂ ਨੂੰ ਲੋੜ ਹੋਵੇ, ਤਾਂ ਉਨ੍ਹਾਂ ਨੂੰ ਇੱਕ ਅਜਿਹੀ ਕੀਮਤ ਤੇ ਉਪਲਬਧ ਹੋਵੇ ਜਿਸ ਨੂੰ ਉਹ ਬਰਦਾਸ਼ਤ ਕਰ ਸਕਣ।

### ਹੋਰ ਵਧੇਰੇ ਥਾਂਵਾਂ

*ਬਜਟ 2018* ਤੋਂ ਲੈ ਕੇ ਜੋ ਵੀ ਨਿਵੇਸ਼ ਅਸੀਂ ਕੀਤੇ ਹਨ, ਉਨ੍ਹਾਂ ਰਾਹੀਂ ਪੂਰੇ ਸੂਬੇ ਵਿੱਚ 26,000 ਨਵੀਂਆਂ ਬਾਲ ਸੰਭਾਲ ਥਾਵਾਂ ਲਈ ਮਾਲੀ ਮਦਦ ਦਿੱਤੀ ਗਈ ਹੈ। ਹੁਣ ਅਸੀਂ ਉਨ੍ਹਾਂ ਨਿਵੇਸ਼ਾਂ ਨੂੰ ਹੋਰ ਮਜ਼ਬੂਤ ਕਰ ਰਹੇ ਹਾਂ।

ਪਿਛਲੀ ਪੱਤਝੜ ਵਿੱਚ ਫ਼ੈਡਰਲ ਸਰਕਾਰ ਨਾਲ ਇੱਕ ਸਮਝੌਤੇ ਰਾਹੀਂ ਅਸੀਂ ਅਗਲੇ ਸੱਤ ਸਾਲਾਂ ਦੌਰਾਨ 6 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਾਸਤੇ 40,000 ਨਵੀਆਂ ਲਾਇਸੈਂਸ ਸ਼ੁਦਾ ਬਾਲ ਸੰਭਾਲ ਥਾਵਾਂ ਬਣਾ ਰਹੇ ਹਾਂ।

*ਬਜਟ 2022* ਵਿੱਚ ਨਿਊ ਸਪੇਸਿਜ਼ ਫੰਡ ਰਾਹੀਂ ਸਕੂਲ ਦੇ ਸਮੇਂ ਤੋਂ ਪਹਿਲਾਂ ਅਤੇ ਬਾਦ ਵਿੱਚ ਹੋਰ ਵਧੇਰੇ ਥਾਵਾਂ ਲਈ ਨਿਵੇਸ਼ ਕੀਤਾ ਜਾ ਰਿਹਾ ਹੈ ਜਿਸ ਨਾਲ ਸੀਮਲੈੱਸ ਡੇ ਪ੍ਰੋਗਰਾਮ ਮੁਹੱਈਆ ਕਰਾ ਰਹੇ ਸਕੂਲ ਡਿਸਟ੍ਰਿਕਟਾਂ ਦੀ ਗਿਣਤੀ 24 ਤੋਂ ਵਧਾ ਕੇ 44 ਕੀਤੀ ਜਾ ਰਹੀ ਹੈ।

### ਘੱਟ ਫੀਸਾਂ


*ਬਜਟ 2022* ਰਾਹੀਂ ਮਾਪਿਆਂ ਨੂੰ ਸਾਡੀ ਯੋਜਨਾਬੱਧ $10/ਦਿਨ ਬਾਲ ਸੰਭਾਲ ਦੇ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਨੇੜੇ ਲਿਆਂਦਾ ਗਿਆ ਹੈ।

**ਨਵਜੰਮੇ ਅਤੇ ਛੋਟੇ ਬੱਚਿਆਂ ਦੀ ਪੂਰੇ ਦਿਨ ਦੀ ਦੇਖ-ਭਾਲ ਲਈ ਫੀਸਾਂ ਨੂੰ 50% ਤੱਕ ਘੱਟ ਕਰਕੇ 2022 ਦੇ ਅੰਤ ਤੱਕ ਤਕਰੀਬਨ $20 ਪ੍ਰਤੀ ਦਿਨ ਦੀ ਔਸਤ ਤੱਕ ਲਿਆਂਦਾ ਜਾ ਰਿਹਾ ਹੈ। *ਬਜਟ 2022* ਰਾਹੀਂ ਪ੍ਰੀ-ਸਕੂਲ ਅਤੇ ਸਕੂਲ ਦੇ ਸਮੇਂ ਤੋਂ ਪਹਿਲਾਂ ਅਤੇ ਬਾਦ ਦੀ ਦੇਖ-ਭਾਲ ਨੂੰ 2023/24 ਦੇ ਸਕੂਲ ਵਰ੍ਹੇ ਲਈ $20 ਪ੍ਰਤੀ ਦਿਨ ਤੋਂ ਘਟਾ ਕੇ ਔਸਤ ਫੀਸ ਵਿੱਚ ਕਮੀ ਕਰਕੇ ਇਸ ਨਿਵੇਸ਼ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ।**

### ਗੁਣਵੱਤਾ ਪੂਰਣ ਦੇਖਭਾਲ

ਸੂਬਾ ਸਰਕਾਰ ਬਾਲ–ਸੰਭਾਲ ਕਾਰਜ ਬਲ ਵਿੱਚ ਵੀ ਨਿਵੇਸ਼ ਕਰ ਰਹੀ ਹੈ ਤਾਂ ਕਿ ਆਉਣ ਵਾਲੇ ਹਰ 3 ਸਾਲਾਂ ਦੌਰਾਨ 130 ਅਤਿਰਿਕਤ ਅਰਲੀ ਚਾਇਲਡਹੁਡ ਐਜੂਕੇਟਰਾਂ ਨੂੰ ਸਿਖਲਾਈ ਦੇ ਕੇ ਅਤੇ ਈ ਸੀ ਈ ਉਜਰਤ ਵਿੱਚ ਵਾਧਿਆਂ ਦਾ ਦਾਇਰਾ ਹਜ਼ਾਰਾਂ ਹੋਰ ਕਾਮਿਆਂ ਤੱਕ ਵਧਾ ਕੇ ਇਹ ਨਿਸ਼ਚਿਤ ਕੀਤਾ ਜਾ ਸਕੇ ਕਿ ਲੋਕਾਂ ਨੂੰ ਵਧੀਆ ਸਿਖਲਾਈ ਮਿਲੀ ਹੋਵੇ ਅਤੇ ਮੁਨਾਸਬ ਮੁਆਵਜ਼ਾ ਮਿਲੇ।

**ਬਾਲ–ਸੰਭਾਲ ਸੇਵਾਵਾਂ ਦੇ ਸੰਚਾਲਨ ਲਈ ਮਾਲੀ ਮਦਦ**




## ਸਿਹਤ ਅਤੇ ਮਾਨਸਕ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨਾ

ਸਰੀਰਕ ਅਤੇ ਮਾਨਸਕ ਸਿਹਤ ਸੰਭਾਲ ਸੇਵਾਵਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ ਅਤੇ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੂੰ ਕੋਵਿਡ-19 ਮਹਾਮਾਰੀ ਤੋਂ ਸੁਰੱਖਿਅਤ ਰੱਖਣਾ ਸਾਡੀ ਸਭ ਤੋਂ ਵੱਡੀ ਤਰਜੀਹ ਰਹੇਗਾ।


*ਬਜਟ 2022* ਵਿੱਚ ਸਰੀਰਕ ਅਤੇ ਮਾਨਸਕ ਸਿਹਤ ਸੰਭਾਲ ਸੇਵਾਵਾਂ ਜਿਨ੍ਹਾਂ ਤੇ ਲੋਕ ਨਿਰਭਰ ਕਰਦੇ ਹਨ, ਵਿੱਚ ਸੁਧਾਰ ਕਰਨ ਲਈ ਨਿਵੇਸ਼ ਕੀਤਾ ਗਿਆ ਹੈ, ਜਿਸ ਵਿੱਚ ਅਜਿਹਾ ਕਰਨਾ ਸ਼ਾਮਿਲ ਹੈ:

- ਪੂਰੇ ਸੂਬੇ ਵਿੱਚ ਨਵੇਂ ਅਰਜੈਂਟ ਅਤੇ ਪ੍ਰਾਇਮਰੀ ਕੇਅਰ ਸੈਂਟਰ ਬਣਾਉਣਾ।
- 15 ਫਸਟ ਨੇਸ਼ਨਜ਼ ਪ੍ਰਾਇਮਰੀ ਹੈੱਲਥ ਕੇਅਰ ਸੈਂਟਰਾਂ ਨੂੰ ਮਦਦ ਦੇਣਾ।
- ਉਪ੍ਰੇਸ਼ਨਾਂ ਅਤੇ ਡਾਇਗਨੌਸਟਿਕ ਇਮੇਜਿੰਗ ਲਈ ਉਡੀਕ ਦਾ ਸਮਾਂ ਘਟਾਉਣਾ।
- ਹੋਰ ਜ਼ਿਆਦਾ ਪੈਰਾਮੈਡਿਕਸ ਅਤੇ ਡਿਸਪੈਚਰਾਂ ਦੀ ਭਰਤੀ ਕਰਕੇ ਐਮਰਜੈਂਸੀ ਕਾਰਵਾਈ ਦੇ ਸਮੇਂ ਵਿੱਚ ਤੇਜ਼ੀ ਲਿਆਉਣਾ।
- ਪਾਥਵੇਅ ਟੂ ਹੋਪ ਵਿੱਚ ਨਿਵੇਸ਼ ਕਰਨਾ ਜਾਰੀ ਰੱਖਣਾ ਜਿਸ ਅਧੀਨ *ਬਜਟ 2021* ਦੇ ਦੂਸਰੇ ਸਾਲ ਵਿੱਚ ਮਾਨਸਕ ਸਿਹਤ ਅਤੇ ਨਸ਼ਾਖੋਰੀ ਲਈ ਦੇਖਭਾਲ ਵਿੱਚ ਸੁਧਾਰ ਕਰਨ ਲਈ $500 ਮਿਲੀਅਨ ਦਾ ਨਿਵੇਸ਼ ਕਰਨਾ।

ਇਹ ਮਹਾਮਾਰੀ ਅੱਜ ਵੀ ਹਾਲੇ ਸਾਡੇ ਆਸ ਪਾਸ ਹੈ ਅਤੇ ਸਿਹਤ ਅਤੇ ਮਾਨਸਕ ਸਿਹਤ ਸੇਵਾਵਾਂ ਵਿੱਚ ਨਿਵੇਸ਼ ਕਰਨ ਦੇ ਨਾਲ ਨਾਲ, *ਬਜਟ 2022* ਵਿੱਚ ਹੇਠ ਦਿੱਤੀਆਂ ਚੀਜ਼ਾਂ ਲਈ ਮਾਲੀ ਮਦਦ ਸ਼ਾਮਲ ਹੈ :

- ਕੋਵਿਡ-19 ਵੈਕਸੀਨੇਸ਼ਨਾਂ।
- ਸਿਹਤ ਸੰਭਾਲ ਕਾਮਿਆਂ ਲਈ ਨਿਜੀ ਸੁਰੱਖਿਆ ਉਪਕਰਣ।
- ਲੌਂਗ ਟਰਮ ਕੇਅਰ ਅਤੇ ਅਸਿਸਟਿਡ ਲਿਵਿੰਗ ਸਹੂਲਤਾਂ ਦੇ ਖ਼ਤਰੇ ਅਧੀਨ ਵਸਨੀਕਾਂ ਲਈ ਕੋਵਿਡ-19 ਦੇ ਖ਼ਤਰੇ ਨੂੰ ਸੀਮਤ ਕਰਨ ਉੱਚ-ਪੱਧਰੀ ਉਪਾਅ।
- ਮੂਲਵਾਸੀ ਅਤੇ ਗ਼ੈਰ-ਮੂਲਵਾਸੀ ਭਾਈਚਾਰਿਆਂ ਲਈ ਮਾਨਸਕ ਸਿਹਤ ਸਾਧਨਾਂ ਵਿੱਚ ਵਾਧਾ।
- ਬੀ ਸੀ ਸੈਂਟਰ ਫ਼ੌਰ ਡਿਜ਼ੀਜ਼ ਕੰਟਰੋਲ ਲਈ ਮਾਲੀ ਮਦਦ।

**ਲੋਕਾਂ ਦੀ ਸਿਹਤ ਸੰਭਾਲ ਅਤੇ ਮਾਨਸਿਕ ਸਿਹਤ ਵਿੱਚ ਨਿਵੇਸ਼**



## ਬੇਘਰੀ ਦੀ ਰੋਕਥਾਮ ਅਤੇ ਉਸ ਪ੍ਰਤੀ ਕਾਰਵਾਈ

ਇਕ ਪ੍ਰਤੀਕਿਰਿਆਤਮਕ ਪਹੁੰਚ ਤੋਂ ਇਕ ਅਗੇਤਰੀ ਕਿਰਿਆਸ਼ੀਲ ਪਹੁੰਚ ਵੱਲ ਤਬਦੀਲ ਹੋ ਕੇ ਅਸੀਂ ਸੇਵਾਵਾਂ ਦਾ ਵਿਸਤਾਰ ਅਤੇ ਉਨ੍ਹਾਂ ਤਰੀਕਿਆਂ ਵਿੱਚ ਸੁਧਾਰ ਕਰ ਰਹੇ ਹਾਂ ਜਿਨ੍ਹਾਂ ਰਾਹੀਂ ਅਸੀਂ ਬੇਘਰੀ ਦੀ ਰੋਕਥਾਮ ਕਰਦੇ ਹਾਂ ਅਤੇ ਉਸ ਪ੍ਰਤੀ ਕਾਰਵਾਈ ਕਰਦੇ ਹਾਂ।

- ਇਸ ਵਿੱਚ ਸੁਧਾਰ ਕਰ ਕੇ ਕਿ ਅਸੀਂ ਕਿਵੇਂ ਉਹ ਹਜ਼ਾਰਾਂ ਨੌਜਵਾਨ ਬਾਲਗ ਜਿਹੜੇ ਸਰਕਾਰੀ ਦੇਖਭਾਲ ਦੇ ਦਾਇਰੇ ਵਿਚੋਂ ਬਾਹਰ ਨਿਕਲ ਜਾਂਦੇ ਹਨ, ਦੀ ਦੇਖਭਾਲ ਵਿੱਚ 27 ਸਾਲ ਦੀ ਉਮਰ ਤੱਕ ਮਦਦ ਕਰ ਸਕਦੇ ਹਾਂ, ਉਨ੍ਹਾਂ ਵੱਲੋਂ ਬੇਘਰੀ ਦੇ ਵਧੇਰੇ ਖਤਰੇ ਦਾ ਸਾਹਮਣਾ ਕੀਤੇ ਜਾਣ ਦਾ ਹੱਲ ਕਰਨਾ।
- ਸਮੂਹਕ ਸਹਾਇਤਾ ਸਾਧਨਾਂ ਨਾਲ ਨਵੇਂ ਰੈਂਟ ਸਪਲੀਮੈਂਟਾਂ ਰਾਹੀਂ 3,000 ਤੋਂ ਵੱਧ ਲੋਕਾਂ ਲਈ ਰਿਹਾਇਸ਼ ਦਾ ਪ੍ਰਬੰਧ ਕਰਨਾ।
- ਪੂਰੇ ਬੀ ਸੀ ਵਿੱਚ ਆਪਣੀ ਕਿਸਮ ਦੇ ਸਭ ਤੋਂ ਪਹਿਲੇ ਕੰਪਲੈਕਸ ਕੇਅਰ ਹਾਊਸਿੰਗ ਮਾਡਲ ਦਾ ਘੱਟੋ-ਘੱਟ 20 ਹੋਰ ਥਾਂਵਾਂ ਤੱਕ ਵਿਸਤਾਰ ਕਰਨਾ ਤਾਂ ਕਿ ਗੰਭੀਰ ਮਾਨਸਕ ਸਿਹਤ ਵਾਲੇ, ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਨਾਲ ਜੁੜੇ ਮਾਮਲਿਆਂ ਵਾਲੇ, ਸਦਮੇ ਕਾਰਣ ਜਾਂ ਸੱਟ ਲੱਗੀ ਹੋਣ ਕਰਕੇ ਹੋਏ ਦਿਮਾਗੀ ਨੁਕਸਾਨ ਵਾਲੇ 500 ਤੱਕ ਲੋਕਾਂ ਦੀ ਮਦਦ ਕੀਤੀ ਜਾ ਸਕੇ ਜਿਹੜੇ ਬੇਘਰ ਹਨ ਜਾਂ ਜਿਨ੍ਹਾਂ ਕੋਲ ਪੱਕੀ ਰਿਹਾਇਸ਼ ਨਹੀਂ।
- ਅਜਿਹੇ 3,000 ਤੱਕ ਲੋਕ ਜਿਹੜੇ ਕੋਵਿਡ-19 ਮਹਾਮਾਰੀ ਦੇ ਦੌਰਾਨ ਕਿਰਾਏ ਤੇ ਲਈਆਂ ਜਾਂ ਕੀਮਤ ਅਦਾ ਕਰ ਕੇ ਲਈਆਂ ਹੋਟਲ ਵਰਗੀਆਂ ਜਾਂ ਹੋਰਨਾਂ ਥਾਂਵਾਂ 'ਤੇ ਆਰਜ਼ੀ ਤੌਰ ਤੇ ਰਹਿ ਰਹੇ ਸਨ, ਨੂੰ ਪੱਕੀ ਰਿਹਾਇਸ਼ ਵਿੱਚ ਤਬਦੀਲ ਕਰ ਕੇ ਉਨ੍ਹਾਂ ਦੀ ਸਹਾਇਤਾ ਕਰਨਾ।

**ਬੇਘਰੀ ਦੀ ਰੋਕਥਾਮ ਕਰਨਾ ਅਤੇ ਬੇਘਰੀ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਸਥਾਈ ਰਿਹਾਇਸ਼ਾਂ ਹਾਸਲ ਕਰਨ ਵਿੱਚ ਤੇਜ਼ੀ ਨਾਲ ਮਦਦ ਕਰਨ ਲਈ ਕਾਰਵਾਈ ਕਰਨਾ, ਇਨ੍ਹਾਂ ਦੋਹਾਂ ਚੀਜ਼ਾਂ ਲਈ ਇੱਕ ਨਵੀਂ ਅੰਤਰ-ਸਰਕਾਰ ਪਹੁੰਚ ਰਾਹੀਂ ਹਜ਼ਾਰਾਂ ਲੋਕਾਂ ਨੂੰ ਲਾਭ ਹੋਵੇਗਾ।**

## ਸਹਾਇਤਾ ਦੀ ਜ਼ਰੂਰਤ ਵਾਲੇ ਬੱਚਿਆਂ ਦੇ ਪਰਿਵਾਰਾਂ ਲਈ ਬਿਹਤਰ ਸੇਵਾਵਾਂ ਵੱਲ ਤਬਦੀਲ ਹੋਣ ਦੀ ਸ਼ੁਰੂਆਤ

*ਬਜਟ 2022* ਰਾਹੀਂ ਪੂਰੇ ਸੂਬੇ ਵਿੱਚ ਪਰਿਵਾਰ ਸੰਪਰਕ ਕੇਂਦਰ ਸਥਾਪਤ ਕਰਕੇ ਸਹਾਇਤਾ ਦੀ ਲੋੜ ਵਾਲੇ ਬੱਚਿਆਂ ਅਤੇ ਨੌਜਵਾਨਾਂ ਲਈ ਵਧੇਰੇ ਪਹੁੰਚਯੋਗ ਅਤੇ ਸਮਾਵੇਸ਼ੀ ਸੇਵਾਵਾਂ ਵੱਲ ਤਬਦੀਲ ਹੋਣ ਦੀ ਸ਼ੁਰੂਆਤ ਕੀਤੀ ਗਈ ਹੈ।

ਉਹ ਦੋ ਇਲਾਕੇ ਜਿਹਨਾਂ ਵਿੱਚ ਇਹ ਮੁਢਲੇ ਤੌਰ ਤੇ ਲਾਗੂ ਕੀਤਾ ਗਿਆ ਹੈ - ਨੌਰਥਵੈਸਟ ਅਤੇ ਸੈਂਟਰਲ ਓਕਾਨਾਗਨ - ਵਿੱਚ ਸਥਾਨਕ ਪਰਿਵਾਰਾਂ ਦੀ ਬਿਨਾਂ ਇਸ ਗੱਲ ਦਾ ਖ਼ਿਆਲ ਕੀਤਿਆਂ ਕਿ ਉਨ੍ਹਾਂ ਦੇ ਬੱਚੇ ਨੂੰ ਕੋਈ ਬੀਮਾਰੀ ਹੋਣ ਦਾ ਪਤਾ ਲੱਗਾ ਹੈ ਜਾਂ ਨਹੀਂ, ਉਨ੍ਹਾਂ ਦੀਆਂ ਲੋੜਾਂ ਦੇ ਆਧਾਰ ਤੇ ਮਦਦ ਕੀਤੀ ਜਾਵੇਗੀ। ਇਨ੍ਹਾਂ ਪ੍ਰਯੋਗਾਂ ਤੋਂ ਮਿਲਣ ਵਾਲੇ ਨਤੀਜਿਆਂ ਤੋਂ ਪੂਰੇ ਸੂਬੇ ਵਿੱਚ ਇਸ ਸਿਸਟਮ ਨੂੰ ਵਿਕਸਤ ਅਤੇ ਲਾਗੂ ਕਰਨ ਲਈ ਜਾਣਕਾਰੀ ਮਿਲੇਗੀ ਜਿਸ ਨੂੰ 2025 ਵਿੱਚ ਲਾਗੂ ਕੀਤਾ ਜਾਣਾ ਹੈ।

## ਜਿਨਸੀ ਹਮਲਿਆਂ ਤੋਂ ਬਚੇ ਵਿਅਕਤੀਆਂ ਦੀ ਮਦਦ

*ਬਜਟ 2022* ਵਿੱਚ 50 ਤੋਂ ਵੱਧ ਜਿਨਸੀ ਹਮਲਿਆਂ ਸਬੰਧੀ ਸੇਵਾ ਕੇਂਦਰਾਂ ਨੂੰ ਬੁਨਿਆਦੀ ਮਾਲੀ ਮਦਦ ਮੁਹੱਈਆ ਕਰਾ ਕੇ ਕਾਮੁਕ ਹਮਲਿਆਂ ਤੋਂ ਬਚਣ ਵਾਲੇ ਵਿਅਕਤੀਆਂ ਦੀ ਮਦਦ ਲਈ ਨਿਵੇਸ਼ ਕੀਤਾ ਗਿਆ ਹੈ ਜਿਸ ਅਧੀਨ 2002 ਵਿੱਚ ਇਹਨਾਂ ਸੇਵਾਵਾਂ ਵਿੱਚ ਕੀਤੀਆਂ ਗਈਆਂ ਕਟੌਤੀਆਂ ਖ਼ਤਮ ਕਰ ਦਿੱਤੀਆ ਗਈਆਂ ਹਨ।

ਇਨ੍ਹਾਂ ਕੇਂਦਰਾ ਨੂੰ ਇਸੇ ਵਿਸ਼ੇਸ਼ ਕਾਰਜ ਲਈ, ਨਿਰੰਤਰ ਮਾਲੀ ਮਦਦ ਮਿਲਦੀ ਰਹੇਗੀ ਤਾਂ ਕਿ ਕ੍ਰਿਟੀਕਲ ਕਰਾਈਸਿਸ ਰਿਸਪੌਂਸ, ਕੌਂਸਲਿੰਗ ਪ੍ਰੀਵੈਂਟੇਟਿਵ ਮੈਡੀਕੇਸ਼ਨ ਫੌਰੈਂਸਿਕ ਜਾਂਚ ਅਤੇ ਪੁਲਿਸ ਅਤੇ ਬਾਲ ਸੁਰੱਖਿਆ ਸੇਵਾਵਾਂ ਨੂੰ ਸੂਚਿਤ ਕਰਨ ਲਈ ਢੰਗ ਤਰੀਕੇ ਮੁਹੱਇਆ ਕਰਾਏ ਜਾ ਸਕਣ।

# ਸਾਡੇ ਭਵਿੱਖ ਲਈ ਇੱਕ ਵਧੇਰੇ ਮਜ਼ਬੂਤ ਵਾਤਾਵਰਣ ਦਾ ਨਿਰਮਾਣ

ਜਲਵਾਯੂ ਸਬੰਧਤ ਆਫ਼ਤਾਂ ਜਿਸ ਵਿੱਚ ਜੰਗਲੀ ਅੱਗਾਂ, ਹੜ੍ਹ ਅਤੇ ਅੱਤ ਦੀ ਗਰਮੀ ਸ਼ਾਮਲ ਹਨ, ਨੇ ਹਾਲੀਆ ਸਾਲਾਂ ਦੌਰਾਨ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਲਈ ਚੁਣੌਤੀਆਂ ਪੇਸ਼ ਕੀਤੀਆਂ ਹਨ।

ਇਹਨਾਂ ਘਟਨਾਵਾਂ ਨੇ ਬੀ.ਸੀ. ਲਈ ਇੱਕ ਘੱਟ ਕਾਰਬਨ ਵਾਲਾ ਭਵਿੱਖ ਨਿਸ਼ਚਿਤ ਕਰਨ ਲਈ ਇੱਕ ਸਾਂਝੀ ਕਾਰਵਾਈ ਦੀ ਲੋੜ 'ਤੇ ਇੱਕ ਵਾਰ ਫ਼ੇਰ ਜ਼ੋਰ ਦਿੱਤਾ ਹੈ।

***ਬਜਟ 2022* ਵਿੱਚ ਮਜ਼ਬੂਤ ਨਿਵੇਸ਼ ਕੀਤੇ ਜਾ ਰਹੇ ਹਨ ਤਾਂ ਕਿ ਜਲਵਾਯੂ ਪਰਿਵਰਤਨ ਨਾਲ ਮੁਕਾਬਲਾ ਕਰਨ ਲਈ, ਹਾਲੀਆ ਆਫ਼ਤਾਂ ਤੋਂ ਬਿਹਤਰ ਢੰਗ ਨਾਲ ਪੁਨਰ-ਨਿਰਮਾਣ ਕਰਨ ਲਈ, ਅਤੇ ਇਹ ਨਿਸ਼ਚਿਤ ਕੀਤਾ ਜਾ ਸਕੇ ਕਿ ਪੂਰੇ ਬੀ.ਸੀ. ਵਿੱਚ ਲੋਕ ਅਤੇ ਭਾਈਚਾਰੇ ਭਵਿੱਖ ਵਿੱਚ ਆਉਣ ਵਾਲੀਆਂ ਜਲਵਾਯੂ ਸਬੰਧਤ ਅਫਤਾਂ ਤੋਂ ਸੁਰੱਖਿਅਤ ਰਹਿਣ।**

## ਕਲੀਨ ਬੀਸੀ ਨਾਲ ਜਲਵਾਯੂ ਪਰਿਵਰਤਨ ਦਾ ਮੁਕਾਬਲਾ

ਤਿੰਨ ਸਾਲ ਪਹਿਲਾਂ, ਸਾਡੀ ਸਰਕਾਰ ਨੇ ਕਲੀਨ ਬੀਸੀ ਦਾ ਆਰੰਭ ਕੀਤਾ- ਜੋ ਕਿ ਉੱਤਰੀ ਅਮਰੀਕਾ ਵਿੱਚ ਸਭ ਤੋਂ ਵੱਧ ਪ੍ਰਗਤੀਸ਼ੀਲ ਜਲਵਾਯੂ ਯੋਜਨਾ ਹੈ।

*ਬਜਟ 2022* ਵਿੱਚ ਅੱਜ ਦੀ ਤਾਰੀਖ਼ ਤੱਕ ਕਲੀਨ ਬੀਸੀ ਲਈ ਦਿੱਤੀ ਗਈ $2.3 ਬਿਲੀਅਨ ਦੀ ਮਾਲੀ ਮਦਦ ਨੂੰ ਅੱਗੇ ਤੋਰਿਆ ਗਿਆ ਹੈ ਅਤੇ ਕਲੀਨ ਬੀਸੀ ਲਈ ਅਤੇ 2030 ਦੇ ਰੋਡਮੈਪ ਲਈ $1 ਬਿਲੀਅਨ ਤੋਂ ਵੱਧ ਦੀ ਨਵੀਂ ਮਾਲੀ ਮਦਦ ਨਾਲ ਜਲਵਾਯੂ ਪਰਿਵਰਤਨ ਦਾ ਮੁਕਾਬਲਾ ਕਰਨ ਲਈ ਨਿਵੇਸ਼ ਕੀਤਾ ਗਿਆ ਹੈ, ਜਿਸ ਵਿੱਚ ਸ਼ਾਮਲ ਹੈ:

**ਸ਼ੁੱਧ ਢੋਆ-ਢੁਆਈ**

- ਪੁਰਾਣੇ ਜ਼ੀਰੋ ਐਮਿਸ਼ਨ ਵਹੀਕਲਜ਼ (ਜ਼ੈੱਡ ਈ ਵੀ) ‘ਤੇ ਪੀ ਐੱਸ ਟੀ ਹਟਾਉਣਾ ਅਤੇ ਨਵੇਂ (ਜ਼ੈੱਡ ਈ ਵੀ) ਤੇ ਲਗਜ਼ਰੀ ਟੈਕਸ ਦੀ ਹੱਦ ਵਿੱਚ ਵਾਧਾ ਕਰਨਾ।
- ਜ਼ੈੱਡ ਈ ਵੀ ਚਾਰਜਿੰਗ ਢਾਂਚੇ ਅਤੇ ਜ਼ੈੱਡ ਈ ਵੀ ਤੇ ਛੋਟਾਂ।
- ਹੋਰ ਵਧੇਰੇ ਬਾਈਕ ਲੇਨਾਂ, ਮਲਟੀ ਯੂਜ਼ ਪਾਥਵੇਅ ਅਤੇ ਹੋਰ ਢੋਆ-ਢੁਆਈ ਦੇ ਬੁਨਿਆਦੀ ਢਾਂਚੇ ਦੇ ਨਿਰਮਾਣ ਲਈ ਭਈਚਾਰਿਆਂ ਵਾਸਤੇ ਗ੍ਰਾਂਟਾਂ।
- ਇੰਟਰਨਲ ਕੰਬਸਚਨ ਇੰਜਣਾਂ ਵਿੱਚ ਹਾਈਡ੍ਰੋਜਨ ਦੀ ਵਰਤੋਂ ਲਈ ਮੋਟਰ ਵਹੀਕਲਾਂ ਤੇ ਫਿਊਲ ਟੈਕਸ ਵਿੱਚ ਛੋਟ।

**ਸ਼ੁੱਧ ਉਦਯੋਗ**

- ਸ਼ੁੱਧ ਉਦਯੋਗ ਅਤੇ ਨਵੀਨਤਾਕਾਰੀ ਲਈ ਮਾਲੀ ਮਦਦ ਜਿਸ ਵਿੱਚ ਉਦਯੋਗ ਲਈ ਕਲੀਨ ਬੀਸੀ ਪ੍ਰੋਗਰਾਮ ਦਾ ਪੱਧਰ ਵਧਾਉਣਾ ਸ਼ਾਮਲ ਹੈ।
- ਛੋਟੇ ਕਾਰੋਬਾਰਾਂ ਲਈ ਕਲੀਨਟੈੱਕ ਨਿਵੇਸ਼ਾਂ ਵਾਸਤੇ ਵੈਂਚਰ ਕੈਪੀਟਲ ਤੱਕ ਪਹੁੰਚ ਵਿੱਚ ਸੁਧਾਰ ਕਰਨ ਲਈ ਇਕੁਇਟੀ ਟੈਕਸ ਕਰੈਡਿਟ ਵਿੱਚ ਵਾਧਾ ਕਰਨਾ।
- ਲੋਅ-ਕਾਰਬਨ ਫਿਊਲ ਸਟੈਂਡਰਡ ਦਾ ਦਾਇਰਾ ਵਧਾ ਕੇ ਅਤੇ ਕੁਦਰਤੀ ਗੈਸ ਯੁਟੀਲਿਟੀਜ਼ ਤੇ ਐਮਿਸ਼ਨ ਦੀ ਇੱਕ ਨਵੀਂ ਹੱਦ ਮਿਥ ਕੇ ਲੋਅ-ਕਾਰਬਨ ਊਰਜਾ ਨੂੰ ਮਜ਼ਬੂਤ ਕਰਨਾ।

**ਸ਼ੁੱਧ ਇਮਾਰਤਾਂ**

- ਫ਼ੌਸਿਲ ਫਿਊਲ ਹੀਟਿੰਗ ਉਪਕਰਣਾਂ ਲਈ ਪੀ ਐੱਸ ਟੀ ਵਿੱਚ ਵਾਧਾ ਕਰਨ ਦੇ ਨਾਲ ਨਾਲ ਹੀਟ ਪੰਪਾਂ ਲਈ ਪੀ ਐੱਸ ਟੀ ਵਿੱਚ ਛੋਟ ਜਿਸ ਨਾਲ ਪੇਂਡੂ ਅਤੇ ਉੱਤਰੀ ਭਾਈਚਾਰਿਆਂ ਵਿੱਚ ਹੀਟ ਪੰਪਾਂ ਨੂੰ ਹੋਰ ਕਿਫ਼ਾਇਤੀ ਬਣਾਉਣ ਲਈ ਇੱਕ ਨਵੇਂ ਪ੍ਰੋਤਸਾਹਨ ਦੇ ਖ਼ਰਚੇ ਲਈ ਮਾਲੀ ਮਦਦ ਦੇਣ ਵਿੱਚ ਸਹਾਇਤਾ ਮਿਲੇਗੀ।
- ਐਨਰਜੀ ਐਫੀਸ਼ੈਂਸੀ ਦੇ ਉਪਾਵਾਂ ਲਈ ਪ੍ਰੋਤਸਾਹਨ ਜਾਰੀ ਰੱਖਣਾ।
- ਮਲਟੀ-ਯੂਨਿਟ ਰਿਹਾਇਸ਼ੀ ਅਤੇ ਵਪਾਰਕ ਇਮਾਰਤਾਂ ਲਈ 5% ਕਲੀਨ ਬਿਲਡਿੰਗ ਟੈਕਸ ਕਰੈਡਿਟ।

**ਸ਼ੁੱਧ ਭਾਈਚਾਰੇ ਅਤੇ ਭੂਮੀ ਅਧਾਰਤ ਗਤੀਵਿਧੀਆਂ**

- ਇੱਕ ਨਵੇਂ ਲੋਕਲ ਗਵਰਨਮੈਂਟ ਕਲਾਈਮੇਟ ਐਕਸ਼ਨ ਪ੍ਰੋਗਰਾਮ ਨਾਲ ਆਪਣੇ ਉਤਸਰਜਨ ਘਟਾਉਣ ਲਈ ਕਾਰਵਾਈ ਕਰਨ ਵਾਸਤੇ ਸਥਾਨਕ ਸਰਕਾਰਾਂ ਦੀ ਮਦਦ।
- ਖੇਤਾਂ ਲਈ ਸਥਿਰ ਢੰਗ ਨਾਲ ਪੱਧਰ ਵਿੱਚ ਵਾਧਾ ਕਰਨ, ਬੀ.ਸੀ. ਦੇ ਜੰਗਲਾਂ ਨੂੰ ਮਜ਼ਬੂਤ ਕਰਨ ਅਤੇ ਇੰਡਿਜਨਸ ਫੌਰੈਸਟ ਬਾਇਉ ਇਕੌਨਮੀ ਪ੍ਰੋਗਰਾਮ ਦਾ ਦਾਇਰਾ ਵਧਾਉਣ ਲਈ ਨਿਵੇਸ਼ ਕਰਨਾ।

## ਲੋਕਾਂ ਅਤੇ ਭਾਈਚਾਰਿਆਂ ਨੂੰ ਜਲਵਾਯੂ ਸਬੰਧਤ ਆਫ਼ਤਾਂ ਤੋਂ ਬਚਾਉਣਾ



ਅੱਗਾਂ ਅਤੇ ਹੜ੍ਹਾਂ ਤੋਂ ਬਿਹਤਰ ਢੰਗ ਨਾਲ ਮੁੜ-ਉਸਾਰੀ ਕਰਨ ਅਤੇ ਲੋਕਾਂ ਅਤੇ ਭਾਈਚਾਰਿਆਂ ਨੂੰ ਭਵਿੱਖ ਦੀਆਂ ਜਲਵਾਯੂ ਸਬੰਧਤ ਆਫ਼ਤਾਂ ਤੋਂ ਬਚਾਉਣ ਲਈ ਅਸੀਂ $2.1 ਬਿਲੀਅਨ ਦਾ ਨਿਵੇਸ਼ ਕਰ ਰਹੇ ਹਾਂ।

ਇਸ ਵਿੱਚ ਪਿਛਲੇ ਸਾਲ ਦੇ ਹੜ੍ਹਾਂ ਅਤੇ ਜੰਗਲੀ ਅੱਗਾਂ ਤੋਂ ਮੁੜ-ਉਸਾਰੀ ਲਈ $1.5 ਬਿਲੀਅਨ, ਅਤੇ ਭਵਿੱਖ ਦੀਆਂ ਜੰਗਲੀ ਅੱਗਾਂ, ਹੜ੍ਹਾਂ ਅਤੇ ਅੱਤ ਦੀਆਂ ਮੌਸਮੀ ਘਟਨਾਵਾਂ ਲਈ ਸਾਡੀ ਤਿਆਰੀ ਨੂੰ ਮਜ਼ਬੂਤ ਕਰਨ ਲਈ ਅਤੇ ਉਨ੍ਹਾਂ ਪ੍ਰਤੀ ਕਾਰਵਾਈ ਕਰਨ ਲਈ $600 ਮਿਲੀਅਨ ਤੋਂ ਵੱਧ ਦੀ ਮਾਲੀ ਮਦਦ ਸ਼ਾਮਲ ਹੈ।

**ਐਮਰਜੈਂਸੀ ਮੈਨੇਜਮੈਂਟ ਬੀਸੀ ਅਤੇ ਬੀਸੀ ਵਾਈਲਡ ਫਾਇਰ ਸਰਵਿਸ ਲਈ ਇੱਕ ਨਵੀਂ ਵੱਡੀ ਮਾਲੀ ਮਦਦ ਨਾਲ, *ਬਜਟ 2022* ਰਾਹੀਂ ਆਫ਼ਤਾਂ ਪ੍ਰਤੀ ਕਾਰਵਾਈ ਕਰਨ ਲਈ ਅਤੇ ਬੀਸੀ ਵਾਈਲਡ ਫਾਇਰ ਸਰਵਿਸ ਲਈ ਪੂਰੇ ਸਾਲ ਲਈ ਅਗੇਤਰੇ ਕਿਰਿਆਸ਼ੀਲ ਸਰਵਿਸ ਮਾਡਲ ਲਈ ਮਦਦ ਦੇਣ ਵਾਸਤੇ ਨਵੀਆਂ ਸਹੂਲਤਾਂ ਅਤੇ ਉਪਕਰਣਾਂ ਲਈ ਮਾਲੀ ਮਦਦ ਦਿੱਤੀ ਗਈ ਹੈ।**

ਅਸੀਂ ਸਥਾਨਕ ਸਰਕਾਰਾਂ ਅਤੇ ਫਸਟ ਨੇਸ਼ਨਜ਼ ਨੂੰ ਯੋਜਨਾਬੰਦੀ ਕਰਨ ਅਤੇ ਆਫ਼ਤਾਂ ਦਾ ਖ਼ਤਰਾ ਘਟਾਉਣ ਵਿੱਚ ਮਦਦ ਦੇਣ ਲਈ ਵੀ $210 ਮਿਲੀਅਨ ਮੁਹੱਈਆ ਕਰਾ ਰਹੇ ਹਾਂ ਜਿਸ ਵਿੱਚ ਫਾਇਰ ਸਮਾਰਟ ਪ੍ਰੋਗਰਾਮ, ਕਮਿਉਨਿਟੀ ਐਮਰਜੈਂਸੀ ਪ੍ਰੀਪੇਅਰਡਨੈੱਸ ਫੰਡ ਅਤੇ ਮੂਲਵਾਸੀ ਅਗਵਾਈ ਅਧੀਨ ਐਮਰਜੈਂਸੀ ਮੈਨੇਜਮੈਂਟ ਦੀਆਂ ਤਰਜੀਹਾਂ ਲਈ ਮਦਦ ਦੇਣ ਵਾਸਤੇ ਨਿਵੇਸ਼ ਰਾਹੀਂ ਅਜਿਹਾ ਕਰਨਾ ਸ਼ਾਮਲ ਹੈ।

ਅਤੇ ਇਹ ਨਿਸ਼ਚਿਤ ਕਰਨ ਲਈ ਕਿ ਅਸੀਂ ਬਦਲ ਰਹੇ ਜਲਵਾਯੂ ਦੇ ਪ੍ਰਭਾਵਾਂ ਲਈ ਤਿਆਰ ਹਾਂ, *ਬਜਟ 2022* ਵਿੱਚ ਬੀ.ਸੀ. ਦੀ ਕਲਾਈਮੇਟ ਪ੍ਰੀਪੇਅਰਡਨੈੱਸ ਅਤੇ ਅਡੈਪਟੇਸ਼ਨ ਰਣਨੀਤੀ ਨੂੰ ਲਾਗੂ ਕਰਨਾ ਸ਼ੁਰੂ ਕਰਨ ਲਈ ਨਿਵੇਸ਼ ਕੀਤਾ ਜਾ ਰਿਹਾ ਹੈ ਜਿਸ ਰਾਹੀਂ:

- ਜਲਵਾਯੂ ਦੀ ਨਿਗਰਾਨੀ ਲਈ ਨੈੱਟਵਰਕਾਂ ਦਾ ਦਾਇਰਾ ਵਧਾਇਆ ਜਾਏਗਾ।
- ਸਥਾਨਕ ਅਤੇ ਮੂਲਵਾਸੀ ਸਰਕਾਰਾਂ ਨਾਲ ਮਿਲ ਕੇ ਜਲਵਾਯੂ ਨਾਲ ਸਬੰਧਤ ਸਥਿਤੀਆਂ ਦੇ ਅਨੁਸਾਰ ਢਲ ਸਕਣ ਲਈ ਪਹਿਲਕਦਮੀਆਂ ਦੀ ਅਗਵਾਈ ਕੀਤੀ ਜਾਏਗੀ।
- ਅੱਤ ਦੀ ਗਰਮੀ ਪ੍ਰਤੀ ਕਾਰਵਾਈ ਕਰਨ ਲਈ ਢਾਂਚਾ ਵਿਕਸਤ ਕੀਤਾ ਜਾਏਗਾ।
- ਰਿਵਰ ਫੋਰਕਾਸਟ ਸੈਂਟਰ ਅਤੇ ਸੂਬਾਈ ਫਲੱਡਪਲੇਨ ਮੈਪਿੰਗ ਪ੍ਰੋਗਰਾਮ ਦਾ ਦਾਇਰਾ ਵਧਾਇਆ ਜਾਏਗਾ।
- ਅੰਕੜੇ ਇਕੱਤਰ ਕਰਨ ਦੀ ਸਮਰੱਥਾ ਅਤੇ ਬਿਹਤਰ ਢੰਗ ਨਾਲ ਇਹ ਸਮਝਣ ਲਈ ਮੁਹਾਰਤ ਪੈਦਾ ਕਰਨਾ ਤਾਂ ਕਿ ਜਲਵਾਯੂ ਸਬੰਧਤ ਖ਼ਤਰਿਆਂ ਨੂੰ ਕਿੱਥੇ ਤੇ ਕਿਵੇਂ ਘਟਾਉਣਾ ਹੈ।

# ਹਰ ਕਿਸੇ ਲਈ ਇੱਕ ਵਧੇਰੇ ਮਜ਼ਬੂਤ ਆਰਥਕਤਾ ਦਾ ਨਿਰਮਾਣ

ਸਾਡੀ ਸਰਕਾਰ ਕੋਲ ਬ੍ਰਿਟਿਸ਼ ਕੋਲੰਬੀਆ ਦੇ ਆਰਥਕ ਭਵਿੱਖ ਲਈ ਇੱਕ ਦੂਰਦ੍ਰਿਸ਼ਟੀ ਹੈ: ਇਕ ਸਮਾਵੇਸ਼ੀ, ਸਥਿਰ ਅਤੇ ਨਵੀਨਤਾਕਾਰੀ ਆਰਥਕਤਾ ਜੋ ਹਰ ਇੱਕ ਲਈ ਕੰਮ ਕਰੇ।

*ਬਜਟ 2022* ਰਾਹੀਂ ਮਜ਼ਬੂਤ ਨਿਵੇਸ਼ ਕੀਤੇ ਜਾ ਰਹੇ ਹਨ ਤਾਂ ਇਹ ਨਿਸ਼ਚਿਤ ਕੀਤਾ ਜਾ ਸਕੇ ਕਿ ਪੂਰੇ ਬੀ.ਸੀ. ਵਿੱਚ ਲੋਕ ਅੱਜ ਅਤੇ ਭਵਿੱਖ ਵਿੱਚ ਆਰਥਕਤਾ ਅਤੇ ਸ੍ਰੋਤਾਂ ਦੇ ਸਥਿਰ ਵਿਕਾਸ ਤੋਂ ਲਾਭ ਉਠਾਉਣ ਦੀ ਸਥਿਤੀ ਵਿੱਚ ਆ ਸਕਣ।

## ਭਾਈਚਾਰਿਆਂ ਨੂੰ ਆਪਸ ਵਿੱਚ ਜੋੜਨਾ

2017 ਤੋਂ ਲੈ ਕੇ, ਅਸੀਂ 500 ਭਾਈਚਾਰਿਆਂ ਨੂੰ ਹਾਈਸਪੀਡ ਇੰਟਰਨੈੱਟ ਨਾਲ ਜੋੜਿਆ ਹੈ ਜਿਸ ਨਾਲ ਬ੍ਰਿਟਿਸ਼ ਕੋਲੰਬੀਆ ਦੇ ਹਰ ਕੋਨੇ ਵਿੱਚ ਲੋਕਾਂ ਲਈ ਨਵੇਂ ਮੌਕੇ ਖੁੱਲ੍ਹੇ ਹਨ।

***ਬਜਟ 2022* ਵਿੱਚ ਹੋਰ 280 ਫਸਟ ਨੇਸ਼ਨਜ਼ ਪੇਂਡੂ ਅਤੇ ਦੂਰ-ਦੁਰਾਡੇ ਭਾਈਚਾਰਿਆਂ ਨੂੰ ਹਾਈਸਪੀਡ ਇੰਟਰਨੈੱਟ ਨਾਲ ਜੋੜਨ ਲਈ ਨਿਵੇਸ਼ ਕੀਤਾ ਗਿਆ ਹੈ। ਇਸ ਨਿਵੇਸ਼ ਨਾਲ, ਬ੍ਰਿਟਿਸ਼ ਕੋਲੰਬੀਆ ਵਿੱਚ ਪੇਂਡੂ ਅਤੇ ਦੂਰ-ਦੁਰਾਡੇ ਭਾਈਚਾਰਿਆਂ ਵਿੱਚੋਂ 82% ਅਤੇ ਫਸਟ ਨੇਸ਼ਨਜ਼ ਭਾਈਚਾਰਿਆਂ ਵਿੱਚੋਂ 92% ਹਾਈਸਪੀਡ ਇੰਟਰਨੈੱਟ ਨਾਲ ਜੁੜ ਜਾਣਗੇ।**

ਇਸ ਨਾਲ ਇਨ੍ਹਾਂ ਭਾਈਚਾਰਿਆਂ ਦੇ ਲੋਕਾਂ ਲਈ ਡਿਜਿਟਲ ਸਿਹਤ ਸੰਭਾਲ, ਸਿੱਖਿਆ ਅਤੇ ਰੁਜ਼ਗਾਰ ਦੇ ਮੌਕਿਆਂ ਲਈ ਅਤੇ ਨਵੀਆਂ ਮਾਰਕਿਟਾਂ ਤੱਕ ਪਹੁੰਚ ਕਰਨ ਲਈ ਦਰਵਾਜ਼ੇ ਖੁੱਲ੍ਹ ਜਾਣਗੇ।

ਇਸ ਮਾਲੀ ਮਦਦ ਨਾਲ ਡਿਜਿਟਲ ਸਹੂਲਤਾਂ ਵਿਚਲੇ ਪਾੜੇ ਨੂੰ ਪੂਰਨ ਲਈ ਸੂਬਾ ਸਰਕਾਰ ਦੀ ਪ੍ਰਤੀਬੱਧਤਾ ਵਿੱਚ ਵੱਡੀ ਤੇਜ਼ੀ ਆਏਗੀ ਅਤੇ ਪੇਂਡੂ, ਜੰਗਲਾਂ ਤੇ ਨਿਰਭਰ ਭਾਈਚਾਰਿਆਂ ਅਤੇ ਓਲਡ ਗਰੋਥ ਸਟ੍ਰੈਟਜੀ ਅਧੀਨ ਨਵੇਂ ਵਿਵਿਧ ਆਰਥਕ ਮੌਕਿਆਂ ਵੱਲ ਤਬਦੀਲ ਹੋਣ ਵਾਲੇ ਕਾਮਿਆਂ ਨੂੰ ਮਦਦ ਮਿਲੇਗੀ।

## ਵਿਕਸਤ ਹੋ ਰਹੇ ਖੇਤਰਾਂ ਵਿੱਚ ਨਿਵੇਸ਼

*ਬਜਟ 2022 ਵਿੱਚ ਸਟ੍ਰੌਂਗਰ ਬੀਸੀ ਇਕਨੌਮਿਕ ਪਲੈਨ: ਏ ਪਲੈਨ ਫੌਰ ਟੂਡੇ, ਏ ਵਿਜ਼ਨ ਫੌਰ ਟੁਮਾਰੋ* ਨੂੰ ਲਾਗੂ ਕਰਨ ਲਈ ਮਦਦ ਦੇਣ ਵਾਸਤੇ $50 ਮਿਲੀਅਨ ਮੁਹੱਈਆ ਕਰਾਏ ਗਏ ਹਨ।

ਇਹ ਨਿਵੇਸ਼ ਬ੍ਰਿਟਿਸ਼ ਕੋਲੰਬੀਆ ਦੇ ਲਾਈਫ ਸਾਇੰਸਜ਼, ਉਤਪਾਦਨ ਅਤੇ ਖੇਤੀਬਾੜੀ ਖੇਤਰਾਂ ਦੇ ਵਿਕਾਸ ਲਈ ਕੰਮ ਕਰਨਗੇ, ਵਾਤਾਵਰਣ ਨਾਲ ਸਬੰਧਤ, ਸਮਾਜਕ ਅਤੇ ਪ੍ਰਸ਼ਾਸਨਿਕ ਕੀਮਤਾਂ ਪ੍ਰਤੀ ਸਾਡੀ ਪ੍ਰਤੀਬੱਧਤਾ ਨੂੰ ਜਾਰੀ ਰੱਖਣਗੇ ਅਤੇ ਆਰਥਕ ਵਿਕਾਸ ਰਾਹੀਂ ਮੇਲ-ਮਿਲਾਪ ਨੂੰ ਮਜ਼ਬੂਤ ਕਰਨਗੇ।

ਉਦਾਹਰਣ ਵੱਜੋਂ, ਇਸ ਸਾਲ ਜੀਨੋਮ ਬੀਸੀ ਅਤੇ ਮਾਈਕਲ ਸਮਿਥ ਹੈੱਲਥ ਰਿਸਰਚ ਬੀਸੀ ਨੂੰ ਗ੍ਰਾਂਟਾਂ ਦੇ ਰੂਪ ਵਿੱਚ $200 ਮਿਲੀਅਨ ਦੀ ਮਾਲੀ ਮਦਦ ਮੁਹੱਈਆ ਕਰਾਈ ਗਈ ਹੈ। ਇਸ ਨਾਲ ਵਿਕਸਿਤ ਹੋ ਰਹੇ ਲਾਈਫ ਸਾਇੰਸਜ਼ ਖੇਤਰ, ਜਿਸ ਵਿੱਚ ਹੁਣ 2,000 ਤੋਂ ਵੱਧ ਕੰਪਨੀਆਂ ਸ਼ਾਮਲ ਹਨ ਅਤੇ ਜੋ ਬੀ.ਸੀ. ਵਿੱਚ 18,000 ਲੋਕਾਂ ਨੂੰ ਰੁਜ਼ਗਾਰ ਦੇ ਰਹੀਆਂ ਹਨ, ਲਈ ਗ੍ਰਾਂਟਾਂ ਵਿੱਚ ਵੱਡਾ ਵਾਧਾ ਕੀਤੇ ਜਾਣ ਨਾਲ ਨਵੀਆਂ ਵਿਗਿਆਨਕ ਖੋਜਾਂ ਹੋਣਗੀਆਂ ਅਤੇ ਆਰਥਕ ਮੌਕੇ ਪੈਦਾ ਹੋਣਗੇ।

*ਬਜਟ 2022* ਰਾਹੀਂ ਖਾਣਾਂ ਦੇ ਖੇਤਰ ਦੇ ਲਗਾਤਾਰ ਵਿਕਾਸ ਲਈ ਮਦਦ ਦੇਣ ਵਾਸਤੇ ਮਾਲੀ ਮਦਦ ਦਿੱਤੀ ਗਈ ਹੈ ਜਿਸ ਨੂੰ 2021 ਤੋਂ ਬਾਅਦ ਖਾਣਾਂ ਦੀ ਖੁਦਾਈ ਲਈ $600 ਮਿਲੀਅਨ ਤੋਂ ਵੱਧ ਹਾਸਲ ਹੋਏ ਹਨ। ਇਹ ਪਿਛਲੇ ਸਾਲ ਨਾਲੋਂ 50% ਦਾ ਵਾਧਾ ਹੈ ਅਤੇ ਇੱਕ ਦਹਾਕੇ ਦਾ ਸਭ ਤੋਂ ਉੱਚਾ ਪੱਧਰ ਹੈ ਕਿਉਂਕਿ ਪੂਰੀ ਦੁਨੀਆ ਵਿੱਚ ਖਣਿਜ ਪਦਾਰਥਾਂ ਦੀ ਮੰਗ ਵਧ ਰਹੀ ਹੈ ਜੋ ਸਾਡੇ ਘੱਟ ਕਾਰਬਨ ਵਾਲੇ ਭਵਿੱਖ ਵਿੱਚ ਇੱਕ ਮੁੱਖ ਭੂਮਿਕਾ ਨਿਭਾਏਗੀ।

## ਸਥਿਰ ਸਰੋਤ ਵਿਕਾਸ

*ਬਜਟ 2022* ਵਿੱਚ ਬ੍ਰਿਟਿਸ਼ ਕੋਲੰਬੀਆ ਵਿੱਚ ਇੱਕ ਵਿਕਸਿਤ ਹੋ ਰਹੇ, ਸੁਰੱਖਿਅਤ ਅਤੇ ਪ੍ਰਫੁੱਲਤ ਹੋ ਰਹੇ ਖਾਣਾਂ ਦੇ ਸੈਕਟਰ ਨੂੰ ਮਦਦ ਦੇਣ ਲਈ ਇਸ ਮਾਲੀ ਮਦਦ ਰਾਹੀਂ ਸਥਿਰ ਸ੍ਰੋਤ ਵਿਕਾਸ ਨੂੰ ਮਜ਼ਬੂਤ ਕੀਤਾ ਗਿਆ ਹੈ।

**ਇੱਕ ਨਵੇਂ ਭੂਮੀ, ਜਲ ਅਤੇ ਸ੍ਰੋਤ ਪ੍ਰਬੰਧਨ ਦੇ ਮੰਤਰਾਲੇ ਰਾਹੀਂ ਆਰਥਕ ਗਤੀਵਿਧੀ, ਵਾਤਾਵਰਣ ਸਥਿਰਤਾ ਅਤੇ ਮੂਲਵਾਸੀ ਲੋਕਾਂ ਨਾਲ ਮੇਲ-ਮਿਲਾਪ ਨੂੰ ਮਜ਼ਬੂਤ ਬਣਾਇਆ ਜਾਏਗਾ।**

ਇਸ ਬਜਟ ਰਾਹੀਂ ਲੋਕਾਂ ਨੂੰ ਹੁਨਰ ਸਿਖਲਾਈ ਅਤੇ ਅਲਪ-ਕਾਲਿਕ ਰੁਜ਼ਗਾਰ ਦੇ ਮੌਕਿਆਂ ਨਾਲ ਜੋੜ ਕੇ, ਬ੍ਰਿਜਿੰਗ ਟੂ ਰਿਟਾਇਰਮੈਂਟ ਪ੍ਰੋਗਰਾਮ ਵਿੱਚ ਨਿਵੇਸ਼ ਰਾਹੀਂ ਪੁਰਾਣੇ ਕਾਮਿਆਂ ਅਤੇ ਠੇਕੇਦਾਰਾਂ ਨੂੰ ਰਿਟਾਇਰਮੈਂਟ ਵੱਲ ਜਾਣ ਲਈ ਮਦਦ ਦੇ ਕੇ, ਅਤੇ ਵਿਵਿਧ ਆਰਥਕਤਾਵਾਂ ਅਤੇ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਰਾਹੀਂ ਨੌਕਰੀਆਂ ਪੈਦਾ ਕਰਨ ਲਈ ਕੰਮ ਕਰ ਕੇ ਪੁਰਾਣੀ ਗ੍ਰੋਥ ਲੌਗਿੰਗ ਡੈਫ਼ਰਲ ਤੋਂ ਪ੍ਰਭਾਵਤ ਹੋਏ ਜੰਗਲਾਤ ਕਾਮਿਆਂ, ਕਾਰੋਬਾਰਾਂ ਅਤੇ ਭਾਈਚਾਰਿਆਂ ਨੂੰ ਸਹਾਇਤਾ ਦਿੱਤੀ ਗਈ ਹੈ।

## ਮਹਾਮਾਰੀ ਸਬੰਧੀ ਆਰਥਕ ਮੁੜ ਬਹਾਲੀ ਰਾਹੀਂ ਖੇਤਰਾਂ ਦੀ ਸਹਾਇਤਾ



*ਬਜਟ 2022* ਵਿੱਚ ਸੈਰ ਸਪਾਟਾ ਖੇਤਰ ਨੂੰ ਕੋਵਿਡ–19 ਮਹਾਮਾਰੀ ਦੇ ਪ੍ਰਭਾਵਾਂ ਤੋਂ ਲਗਾਤਾਰ ਉਭਰਦੇ ਰਹਿਣ ਲਈ ਮਦਦ ਦੇਣ ਲਈ ਮਾਲੀ ਮਦਦ ਦੇ ਰੂਪ ਵਿੱਚ $25 ਮਿਲੀਅਨ ਨਿਰਧਾਰਤ ਕੀਤੇ ਗਏ ਹਨ।

ਮਹਾਮਾਰੀ ਤੋਂ ਪ੍ਰਭਾਵਤ ਹੋਈਆ ਗ਼ੈਰ-ਮੁਨਾਫਾ ਸੰਸਥਾਵਾਂ ਦੀ ਮਦਦ ਕਰਨ ਲਈ ਅਤੇ ਕਲਾ, ਸੱਭਿਆਚਾਰ ਅਤੇ ਸੰਗੀਤ ਦੇ ਖੇਤਰਾਂ ਦੀ ਆਰਥਕ ਮੁੜ-ਬਹਾਲੀ ਲਈ ਆਰਟਸ ਇੰਪੈਕਟਸ ਐਂਡ ਐਂਪਲੀਫਾਈ ਬੀਸੀ ਪ੍ਰੋਗਰਾਮਾਂ ਰਾਹੀਂ ਵੀ ਅਤਿਰਿਕਤ ਮਾਲੀ ਮਦਦ ਪ੍ਰਦਾਨ ਕੀਤੀ ਜਾ ਰਹੀ ਹੈ।

## ਇਸ ਵੇਲੇ ਕਾਰਜਬਲ ਦਾ ਨਿਰਮਾਣ



ਪੂਰੇ ਸੂਬੇ ਵਿੱਚ ਪ੍ਰਤਿਭਾ ਅਤੇ ਵਿਕਾਸ ਅਤੇ ਹੁਨਰ ਸਿਖਲਾਈ ਵਿੱਚ ਤੇਜ਼ੀ ਲਿਆਉਣ ਲਈ ਪੀੜ੍ਹੀਗਤ ਪ੍ਰਤੀਬੱਧਤਾ ਰਾਹੀਂ ਬੀ.ਸੀ. ਵਿੱਚ ਹੁਨਰ ਅਤੇ ਪ੍ਰਤਿਭਾ ਵਿਚਲਾ ਪਾੜਾ ਭਰਨ ਲਈ ਸਟ੍ਰੌਂਗਰ ਬੀ ਸੀ ਇਕਨੌਮਿਕ ਪਲੈਨ ਅਧੀਨ ਕਾਰਵਾਈ ਕੀਤੀ ਜਾ ਰਹੀ ਹੈ।

*ਬਜਟ 2022* ਵਿੱਚ ਨਵੇਂ ਹੁਨਰਮੰਦ ਕਿੱਤਿਆਂ ਨੂੰ ਪ੍ਰਮਾਣਤ ਕਰ ਕੇ ਅਤੇ ਦੇਖਭਾਲ ਨਾਲ ਸਬੰਧਤ ਆਰਥਕਤਾ ਲਈ ਬੇਹੱਦ ਲੋੜੀਂਦੇ ਕਾਮਿਆਂ ਦੀ ਸਿਖਲਾਈ ਲਈ ਵਧੇਰੇ ਸੀਟਾਂ ਪੈਦਾ ਕਰ ਕੇ ਅੱਜ ਮੌਜੂਦ ਕਾਮਿਆਂ ਨੂੰ ਆਪਣੇ ਹੁਨਰ ਦਾ ਪੱਧਰ ਵਧਾਉਣ ਲਈ ਅਤੇ ਨਵੀਆਂ ਨੌਕਰੀਆਂ ਲਈ ਸਿਖਲਾਈ ਹਾਸਲ ਕਰਨ ਵਾਸਤੇ ਮਦਦ ਦੇਣ ਲਈ ਨਿਵੇਸ਼ ਕੀਤਾ ਗਿਆ ਹੈ।

ਇਸ ਵਿੱਚ ਸਾਡੇ ਵਿਕਸਿਤ ਹੋ ਰਹੇ ਬਾਲ ਸੰਭਾਲ ਸਿਸਟਮ ਲਈ ਈ ਸੀ ਈ ਅਤੇ ਲੌਂਗ ਟਰਮ ਕੇਅਰ, ਅਸਿਸਟਿਡ ਲਿਵਿੰਗ ਅਤੇ ਹੋਮ ਕੇਅਰ ਦੇ ਖੇਤਰਾਂ ਵਿੱਚ ਕਰਮਚਾਰੀਆਂ ਦੀ ਘਾਟ ਦਾ ਹੱਲ ਕਰਨ ਲਈ ਸਿਹਤ ਸੰਭਾਲ ਅਸਿਸਟੈਂਟ ਸ਼ਾਮਲ ਹਨ।

**ਬੁਨਿਆਦੀ ਢਾਂਚੇ ਵਿੱਚ ਰਿਕਾਰਡ ਪੱਧਰ ਤੇ ਕੀਤੇ ਜਾ ਰਹੇ ਨਿਵੇਸ਼ਾਂ ਨਾਲ ਪ੍ਰਮੁੱਖ ਕੈਪੀਟਲ ਪ੍ਰੋਜੈਕਟਾਂ ਲਈ ਕਮਿਊਨਿਟੀ ਬੈਨੀਫਿਟਸ ਐਗਰੀਮੈਂਟਾਂ ਰਾਹੀਂ ਨਿਰਮਾਣ ਕਾਰਜਬਲ ਵਿੱਚ ਮੌਕਿਆਂ ਵਿੱਚ ਵਾਧਾ ਕਰਕੇ ਵੀ ਸਥਾਨਕ ਕਾਮਿਆਂ ਅਤੇ ਪ੍ਰਤੀਨਿਧਤਾ-ਰਹਿਤ ਸਮੂਹਾਂ ਲਈ ਵੀ ਮੌਕੇ ਪੈਦਾ ਕੀਤੇ ਜਾਣਗੇ।**

## ਵਧੇਰੇ ਕਿਫ਼ਾਇਤੀ ਘਰਾਂ ਦਾ ਨਿਰਮਾਣ




ਬ੍ਰਿਟਿਸ਼ ਕੋਲੰਬੀਆ ਰਹਿਣ ਲਈ ਵਧੀਆ ਥਾਂ ਹੈ ਜਿੱਥੇ ਹਰ ਮਹੀਨੇ ਹਜ਼ਾਰਾਂ ਲੋਕ ਆ ਕੇ ਵੱਸ ਰਹੇ ਹਨ। ਸਾਡੀ ਵਧ ਰਹੀ ਆਬਾਦੀ ਨਾਲ ਕਦਮ ਮਿਲਾ ਕੇ ਰੱਖਣ ਲਈ, ਅਤੇ ਇਹ ਨਿਸ਼ਚਿਤ ਕਰਨ ਲਈ ਕਾਰੋਬਾਰਾਂ ਨੂੰ ਉਹ ਕਾਮੇ ਮਿਲ ਸਕਣ ਜਿਹਨਾਂ ਦੀ ਉਹਨਾਂ ਨੂੰ ਲੋੜ ਹੈ, ਸਾਨੂੰ ਅਜਿਹੇ ਹੋਰ ਵਧੇਰੇ ਘਰਾਂ ਵਿੱਚ ਨਿਵੇਸ਼ ਕਰਦੇ ਰਹਿਣ ਦੀ ਲੋੜ ਹੈ ਜਿਹੜੇ ਲੋਕਾਂ ਲਈ ਕਿਫ਼ਾਇਤੀ ਹੋਣ।

***ਬਜਟ 2022*** **ਵਿੱਚ ਰਿਹਾਇਸ਼ਾਂ ਲਈ ਹਰ ਸਾਲ $1.2 ਬਿਲੀਅਨ ਤੋਂ ਵੱਧ ਦੀ ਸਲਾਨਾ ਮਾਲੀ ਮਦਦ ਨਾਲ 10-ਸਾਲਾ ਯੋਜਨਾ, ਹੋਮਜ਼ ਫੌਰ ਬੀਸੀ, ਜੋ 2018 ਵਿੱਚ ਸ਼ੁਰੂ ਕੀਤੀ ਗਈ ਸੀ, ਲਈ ਮਾਲੀ ਮਦਦ ਦੇਣਾ ਜਾਰੀ ਰੱਖਿਆ ਗਿਆ ਹੈ। ਹੁਣ ਤੱਕ, ਇਸ ਯੋਜਨਾ ਰਾਹੀਂ ਪੂਰੇ ਸੂਬੇ ਵਿਚਲੇ ਭਾਈਚਾਰਿਆਂ ਵਿੱਚ ਤਕਰੀਬਨ 32,000 ਘਰ ਮੁਕੰਮਲ ਹੋ ਚੁੱਕੇ ਹਨ ਜਾਂ ਉਸਾਰੀ ਅਧੀਨ ਹਨ।**

*ਬਜਟ 2022* ਵਿੱਚ ਰਲੀ ਮਿਲੀ ਆਮਦਨੀ ਵਾਲੀਆਂ ਰਿਹਾਇਸ਼ਾਂ ਦੀ ਉਸਾਰੀ ਵਿੱਚ ਤੇਜ਼ੀ ਲਿਆਉਣ ਲਈ ਬੀਸੀ ਹਾਊਸਿੰਗ ਦੇ ਕਮਿਊਨਿਟੀ ਹਾਊਸਿੰਗ ਫੰਡ ਰਾਹੀਂ ਮਾਲੀ ਮਦਦ ਨਾਲ ਇਹਨਾਂ ਨਿਵੇਸ਼ਾਂ ਨੂੰ ਮਜ਼ਬੂਤ ਕੀਤਾ ਗਿਆ ਹੈ ਅਤੇ ਦਰਮਿਆਨੀ ਆਮਦਨੀ ਵਾਲੇ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੂੰ ਕਿਫ਼ਾਇਤੀ ਅਧਾਰ ਤੇ ਘਰ ਕਿਰਾਏ ਤੇ ਲੈਣ ਅਤੇ ਉਹਨਾਂ ਦੀ ਮਾਲਕੀ ਹਾਸਲ ਕਰਨ ਦੇ ਮੌਕੇ ਦੇਣ ਲਈ 2021 ਵਿੱਚ ਸ਼ੁਰੂ ਕੀਤੇ ਗਏ $2 ਬਿਲੀਅਨ ਦੇ ਘੱਟ ਖਰਚੇ ਵਾਲੇ ਫਾਇਨੈਂਸਿੰਗ ਪ੍ਰੋਗਰਾਮ ਦੀ ਮੰਗ ਨਾਲ ਕਦਮ ਮਿਲਾ ਕੇ ਰੱਖਣ ਲਈ ਹਾਊਸਿੰਗ ਹਬ ਲਈ ਨਵੇਂ ਸ੍ਰੋਤ ਦਿੱਤੇ ਗਏ ਹਨ।

### *ਕਿਫਾਇਤੀ ਰਿਹਾਇਸ਼ਾਂ ਅਤੇ ਬੇਘਰੀ ਲਈ ਸਹਾਇਤਾ ਸਾਧਨਾਂ ਵਿੱਚ ਨਿਵੇਸ਼**





** ਇਸ ਵਿੱਚ ਮਹਾਮਾਰੀ ਪ੍ਰਤੀ ਪ੍ਰਤੀਕਿਰਿਆ ਅਤੇ ਆਰਥਿਕ ਰਿਕਵਰੀ ਨਾਲ ਸੰਬੰਧਤ ਸੀਮਤ ਸਮੇਂ ਵਾਲੀਆਂ ਫੰਡਿੰਗ ਪਹਿਲਾਂ ਸ਼ਾਮਲ ਨਹੀਂ ਹਨ।*

## ਇੱਕ ਵਧ ਫੁੱਲ ਰਹੇ ਸੂਬੇ ਲਈ ਬੁਨਿਆਦੀ ਢਾਂਚੇ ਦਾ ਨਿਰਮਾਣ

*ਬਜਟ 2022* ਵਿੱਚ ਸਕੂਲਾਂ, ਹਸਪਤਾਲਾਂ, ਕਿਫ਼ਾਇਤੀ ਰਿਹਾਇਸ਼ਾਂ, ਰੈਪਿਡ ਟ੍ਰਾਂਜ਼ਿਟ, ਹਾਈਵੇ ਅਤੇ ਪੁਲਾਂ ਵਰਗੇ ਅਹਿਮ ਬੁਨਿਆਦੀ ਢਾਂਚੇ ਦੇ ਨਿਰਮਾਣ ਵਿੱਚ ਕੁੱਲ ਮਿਲਾ ਕੇ $27.4 ਬਿਲੀਅਨ ਦਾ ਨਿਵੇਸ਼ ਕੀਤਾ ਗਿਆ ਹੈ ਤਾਂ ਕਿ ਲੋਕਾਂ ਅਤੇ ਭਾਈਚਾਰਿਆਂ ਦੀ ਆਰਥਕ ਮੁੜ-ਬਹਾਲੀ ਵਿੱਚ ਮਦਦ ਕੀਤੀ ਜਾ ਸਕੇ ਅਤੇ ਬੀ.ਸੀ. ਦੀ ਸਥਿਤੀ ਅਨੁਸਾਰ ਢਲ ਸਕਣ ਦੀ ਆਰਥਕ ਸਮਰੱਥਾ ਦਾ ਨਿਰਮਾਣ ਕੀਤਾ ਜਾ ਸਕੇ।

**ਰਿਕਾਰਡ ਪੱਧਰ ਤੇ ਕੀਤੇ ਗਏ ਇਸ ਪੂੰਜੀਗਤ ਖ਼ਰਚੇ ਨਾਲ ਪੂਰੇ ਸੂਬੇ ਵਿਚਲੇ ਭਾਈਚਾਰਿਆਂ ਵਿੱਚ 100,000 ਨੌਕਰੀਆਂ ਪੈਦਾ ਕਰਨ ਵਿੱਚ ਮਦਦ ਮਿਲੇਗੀ।**

### ਕਰਦਾਤਾਵਾਂ ਦੁਆਰਾ ਸਹਾਇਤਾ-ਪ੍ਰਾਪਤ ਪੂੰਜੀਗਤ ਖ਼ਰਚੇ




ਕੋਵੀਚਨ, ਡਾਸਨ ਕ੍ਰੀਕ, ਰਿਚਮੰਡ, ਬਰਨਬੀ ਅਤੇ ਸਰੀ ਦੇ ਨਵੇਂ ਹਸਪਤਾਲ ਦੇ ਪ੍ਰੋਜੈਕਟ ਉਸਾਰੀ ਅਧੀਨ ਹਨ ਜਿਨ੍ਹਾਂ ਵਿੱਚ ਸਰੀ ਵਿਚਲਾ ਇਕ ਨਵਾਂ ਅਤਿ-ਆਧੁਨਿਕ ਕੈਂਸਰ ਕੇਅਰ ਸੈਂਟਰ ਵੀ ਸ਼ਾਮਲ ਹੈ।


ਕੈਮਲੂਪਸ ਅਤੇ ਨਨਾਈਮੋ ਲਈ ਹੋਰ ਕੈਂਸਰ ਕੇਅਰ ਸੈਂਟਰਾਂ ਦੀ ਯੋਜਨਾ ਬਣਾਈ ਜਾ ਰਹੀ ਹੈ।

ਪ੍ਰਮੁੱਖ ਬੁਨਿਆਦੀ ਢਾਂਚਾ ਪ੍ਰੋਜੈਕਟ ਜਿੰਨ੍ਹਾਂ ਵਿੱਚ ਸਰੀ-ਲੈਂਗਲੀ ਸਕਾਈ ਟ੍ਰੇਨ ਅਤੇ ਹਾਈਵੇ 1 ਨੂੰ 264 ਸਟਰੀਟ ਤੋਂ ਵਾਟਕੌਮ ਰੋਡ ਤੱਕ ਚੌੜਾ ਕਰਨਾ ਸ਼ਾਮਲ ਹੈ, ਯੋਜਨਾਬੰਦੀ ਦੇ ਪੜਾਅ ਤੇ ਹਨ, ਅਤੇ ਇਸ ਦੇ ਨਾਲ ਹਾਈਵੇ 99 ਟਨਲ ਪ੍ਰੋਗਰਾਮ 'ਤੇ ਨਿਰਮਾਣ, ਪਟੋਲੋ ਬ੍ਰਿਜ ਰਿਪਲੇਸਮੈਂਟ ਪ੍ਰੋਜੈਕਟ ਅਤੇ ਬਰੌਡਵੇਅ ਸਬਵੇਅ ਪ੍ਰੋਜੈਕਟ 'ਤੇ ਮੌਜੂਦਾ ਸਮੇਂ ਕੰਮ ਚੱਲ ਰਿਹਾ ਹੈ।

*ਬਜਟ 2022* ਵਿੱਚ ਅਗਲੇ ਤਿੰਨ ਸਾਲਾਂ ਦੌਰਾਨ ਸਕੂਲਾਂ, ਵਿਸਤਾਰ ਭੂਚਾਲਾਂ ਤੋਂ ਬਚਾਉ ਦਾ ਪੱਧਰ ਵਧਾਉਣ ਅਤੇ ਭਵਿੱਖ ਦੇ ਸਕੂਲਾਂ ਲਈ ਜਾਇਦਾਦਾਂ ਖਰੀਦਣ ਵਾਸਤੇ $3.1 ਬਿਲੀਅਨ ਦਾ ਨਿਵੇਸ਼ ਕੀਤਾ ਜਾਵੇਗਾ।2017 ਤੋਂ ਲੈ ਕੇ, ਕੁੱਲ ਮਿਲਾ ਕੇ 126 ਸਕੂਲਾਂ ਦੇ ਪੂੰਜੀਗਤ ਪ੍ਰੋਜੈਕਟਾਂ ਦਾ ਐਲਾਨ ਕੀਤਾ ਗਿਆ ਹੈ ਜਿਨ੍ਹਾਂ ਤੇ ਕੁੱਲ $2.5 ਬਿਲੀਅਨ ਦਾ ਖ਼ਰਚਾ ਆਏਗਾ।

ਆਰਥਕ ਯੋਜਨਾਬੰਦੀ ਨਾਲ ਸਿੱਧੇ ਤੌਰ ਤੇ ਜੋੜਨ ਨਾਲ ਅਸੀਂ ਸਾਰੇ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਲਈ ਭਵਿੱਖ ਦੇ ਮੌਕਿਆਂ ਨੂੰ ਮਜ਼ਬੂਤ ਬਣਾ ਰਹੇ ਹਾਂ।

ਭਾਵੇਂ ਇਹ ਵਧੇਰੇ ਕਿਫ਼ਾਇਤੀ ਬਾਲ-ਸੰਭਾਲ ਥਾਂਵਾਂ ਹੋਣ, ਵਧੇਰੇ ਪਹੁੰਚ-ਯੋਗ ਹਰਿਤ ਢੋਆ-ਢੁਆਈ ਦੇ ਵਿਕਲਪ ਹੋਣ ਜਾਂ ਕਿੱਤਿਆਂ ਵਿੱਚ ਸਮਾਵੇਸ਼ੀ ਅਵਸਰ ਹੋਣ, ਬੀ.ਸੀ. ਦੇ ਬੁਨਿਆਦੀ ਢਾਂਚੇ ਵਿੱਚ ਕੀਤੇ ਗਏ ਨਿਵੇਸ਼ ਇੱਕ ਵਧੇਰੇ ਮਜ਼ਬੂਤ ਬ੍ਰਿਟਿਸ਼ ਕੋਲੰਬੀਆ ਦਾ ਨਿਰਮਾਣ ਕਰਨ ਲਈ ਕੰਮ ਕਰ ਰਹੇ ਹਨ।



**ਹੋਰ ਜਾਣਕਾਰੀ ਲਈ**

*ਬਜਟ 2022 ਵੇਖੋ:* www.bcbudget.ca
*ਵਿੱਤ ਮੰਤਰਾਲਾ:* www.gov.bc.ca/fin

*ਇਹ ਦਸਤਾਵੇਜ਼ ਵਾਤਾਵਰਣ ਪ੍ਰਤੀ ਚੇਤੰਨ ਐਲੀਮੈਂਟਲ ਕਲੋਰੀਨ ਰਹਿਤ ਕਾਗਜ਼ ਤੇ ਪ੍ਰਿੰਟ ਕੀਤਾ ਗਿਆ ਸੀ, ਇਸ ਵਿੱਚ ਰੀਸਾਈਕਲ ਕੀਤਾ ਹੋਇਆ ਰੇਸ਼ਾ ਸ਼ਾਮਲ ਹੈ ਅਤੇ ਇਹ 100% ਰੀਸਾਈਕਲ ਕੀਤੇ ਜਾਣਯੋਗ ਹੈ। ਇਸ ਦਸਤਾਵੇਜ਼ ਦੇ ਉਤਪਾਦਨ ਵਿੱਚ ਸੰਭਾਲ ਲਈ ਸਰਬੋਤਮ ਅਮਲ ਸ਼ਾਮਲ ਸਨ। ਕਿਰਪਾ ਕਰਕੇ ਘਟਾਓ, ਮੁੜ ਕੇ ਵਰਤੋ ਅਤੇ ਰੀਸਾਈਕਲ ਕਰੋ (reduce, reuse and recycle)।*